# ਸੈਂਟਰਲ ਵੈਲੀ ਖੇਤਰੀ ਜਲ ਗੁਣਵੱਤਾ ਨਿਯੰਤਰਣ ਬੋਰਡ

## ਜਨਤਕ ਸੂਚਨਾ:
## ਪ੍ਰਸਤਾਵਿਤ ਭੂਮੀਗਤ ਸਟੋਰੇਜ ਟੈਂਕ ਕੇਸ ਬੰਦ ਕਰਨਾ

**ਜਨਤਕ ਟਿੱਪਣੀ ਮਿਆਦ**: 22 ਨਵੰਬਰ 2024 ਤੋਂ 22 ਜਨਵਰੀ 2025

**ਬਾਰਟਲੇਟ ਪੈਟਰੋਲੀਅਮ (T0604728432), ਮਾਰਸੇਡ (MERCED) ਕਾਊਂਟੀ ਕੇਸ# 24267, 7 WEST 15TH STREET, MERCED, MERCED COUNTY**

ਭੂਮੀਗਤ ਸਟੋਰੇਜ ਟੈਂਕ (ਟੈਂਕਾਂ) ਕੇਸ ਮਰਸੇਡ (Merced), ਕੈਲੀਫੋਰਨੀਆ (California) (ਸਾਈਟ) ਵਿੱਚ 7 West 15 th Street 'ਤੇ ਸਥਿਤ ਹੈ। ਮਾਲਕ ਨੇ ਸਾਈਟ 'ਤੇ ਪੁਰਾਣੇ ਲੀਕ ਹੋਣ ਵਾਲੇ ਟੈਂਕਾਂ ਵਿੱਚ ਤੇਲ ਉਤਪਾਦਾਂ ਦੀ ਜਾਂਚ ਅਤੇ ਸਫਾਈ ਕੀਤੀ ਹੈ। ਸੈਂਟਰਲ ਵੈਲੀ ਜਲ ਬੋਰਡ ਦਾ ਅਮਲਾ ਤੁਹਾਨੂੰ ਪ੍ਰਸਤਾਵਿਤ ਟੈਂਕਾਂ ਦੀ ਸਫਾਈ ਦੇ ਕੇਸ ਨੂੰ ਬੰਦ ਕਰਨ ਬਾਰੇ ਟਿੱਪਣੀ ਕਰਨ ਦਾ ਮੌਕਾ ਪ੍ਰਦਾਨ ਕਰ ਰਿਹਾ ਹੈ।

ਇਹ ਸਾਈਟ ਵਪਾਰਕ ਹੈ ਅਤੇ ਪ੍ਰਚੂਨ ਤੇਲ ਸਟੇਸ਼ਨ ਹੈ। ਸਾਲ 2004 ਵਿੱਚ, ਮਾਲਕ ਨੇ ਚਾਰ ਤੇਲ ਟੈਂਕ (ਦੋ 10,000-ਗੈਲਨ ਅਤੇ ਦੋ 5,000-ਗੈਲਨ) ਹਟਾ ਦਿੱਤੇ ਸਨ। ਟੈਂਕਾਂ ਨੂੰ ਹਟਾਉਣ ਤੋਂ ਬਾਅਦ ਉਨ੍ਹਾਂ ਦੇ ਹੇਠਾਂ ਮਿੱਟੀ ਵਿੱਚ ਤੇਲ ਦੀ ਦੂਸ਼ਿਤਤਾ ਪਾਈ ਗਈ ਸੀ। ਸਾਲ 2004 ਤੋਂ, ਮਾਲਕ ਨੇ ਪੁਰਾਣੇ ਟੈਂਕਾਂ ਨੂੰ ਸਾਫ਼ ਕੀਤਾ (ਜਾਂ ਉਸ ਖੇਤਰ ਦੀ ਜਾਂਚ ਕੀਤੀ) । ਸਾਲ 2024 ਵਿੱਚ, ਮਾਲਕ ਨੇ ਇੱਕ ਕਾਰਜਸ਼ੀਲ ਉਪਚਾਰ ਪ੍ਰਣਾਲੀ ਚਲਾਈ ਜਿਸ ਨੇ ਮਿੱਟੀ ਤੋਂ ਲਗਭਗ 198 ਪੌਂਡ ਜਾਂ 25 ਗੈਲਨ ਤੇਲ ਉਤਪਾਦਾਂ ਨੂੰ ਹਟਾ ਦਿੱਤਾ।

ਕੁਝ ਤੇਲ ਮਿੱਟੀ ਅਤੇ ਧਰਤੀ ਹੇਠਲੇ ਪਾਣੀ ਵਿੱਚ ਰਹਿ ਜਾਂਦਾ ਹੈ। ਜੁਲਾਈ 2024 ਵਿੱਚ, Krazan-VEIR (ਮਾਲਕ ਦੇ ਵਾਤਾਵਰਣ ਸਲਾਹਕਾਰ) ਨੇ ਦੱਸਿਆ ਕਿ ਉਪਚਾਰ ਪ੍ਰਣਾਲੀ ਨੇ ਓਨਾ ਹੀ ਤੇਲ ਦੂਸ਼ਿਤਤਾ ਨੂੰ ਹਟਾਇਆ ਹੈ ਜਿੰਨਾ ਵਿਹਾਰਕ ਸੀ। ਆਪਣੀ ਜੂਨ 2024 ਦੀ ਰਿਪੋਰਟ ਵਿੱਚ, Krazen-VEIR ਨੇ ਕੇਸ ਦੇ ਅੰਕੜਿਆਂ ਦਾ ਮੁਲਾਂਕਣ ਕੀਤਾ ਅਤੇ ਸਿੱਟਾ ਕੱਢਿਆ ਕਿ ਇਹ ਕੇਸ ਰਾਜ ਜਲ ਸਰੋਤ ਨਿਯੰਤਰਣ ਬੋਰਡ ਦੀ, ਘੱਟ-ਖਤਰੇ ਵਾਲੀ ਭੂਮੀਗਤ ਸਟੋਰੇਜ ਟੈਂਕ ਕੇਸ ਬੰਦ ਕਰਨ ਦੀ ਨੀਤੀ ਦੇ ਤਹਿਤ, ਬੰਦ ਹੋਣ ਦੀ ਸਥਿਤੀ ਲਈ ਯੋਗ ਹੈ। ਨੱਥੀ ਕੀਤਾ ਚਿੱਤਰ ਜਾਇਦਾਦ ਦੇ ਟਿਕਾਣੇ ਨੂੰ ਦਰਸਾਉਂਦਾ ਹੈ।

ਸੈਂਟਰਲ ਵੈਲੀ ਜਲ ਬੋਰਡ ਦਾ ਅਮਲਾ ਤੁਹਾਡੇ ਲਈ ਇਹ ਸੂਚਨਾ ਜਾਰੀ ਕਰ ਰਿਹਾ ਹੈ ਅਤੇ ਸਾਬਕਾ ਬਾਰਟਲੇਟ ਪੈਟਰੋਲੀਅਮ ਜਾਇਦਾਦ ਦੇ ਨੇੜੇ ਸਾਰੀਆਂ ਜਾਇਦਾਦਾਂ ਦੇ ਮਾਲਕਾਂ ਅਤੇ ਕਬਜ਼ਾ ਰੱਖਣ ਵਾਲਿਆਂ ਅਤੇ ਹੋਰ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੂੰ 60 ਦਿਨਾਂ ਦੀ ਜਨਤਕ ਟਿੱਪਣੀ ਮਿਆਦ ਪ੍ਰਦਾਨ ਕਰ ਰਿਹਾ ਹੈ। ਸੈਂਟਰਲ ਵੈਲੀ ਜਲ ਬੋਰਡ ਦਾ ਅਮਲਾ ਕੇਸ ਬੰਦ ਕਰਨ ਦਾ ਮੁਲਾਂਕਣ ਕਰਦੇ ਸਮੇਂ ਪ੍ਰਾਪਤ ਟਿੱਪਣੀਆਂ 'ਤੇ ਵਿਚਾਰ ਕਰੇਗਾ।

### ਵਧੇਰੀ ਜਾਣਕਾਰੀ ਲਈ

ਤੁਸੀਂ ਰਾਜ ਜਲ ਸਰੋਤ ਨਿਯੰਤਰਣ ਬੋਰਡ ਦੀ ਜੀਓਟ੍ਰੈਕਰ ਵੈੱਬਸਾਈਟ (https://geotracker.waterboards.ca.gov/) ਤੇ ਵਾਧੂ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਜੇ ਇਸ ਜਨਤਕ ਸੂਚਨਾ ਬਾਰੇ ਜਾਂ ਬਾਰਟਲੇਟ ਪੈਟਰੋਲੀਅਮ ਵਿਖੇ ਵਾਤਾਵਰਣ

ਦੀ ਸਫਾਈ ਦੀਆਂ ਗਤੀਵਿਧੀਆਂ ਬਾਰੇ ਤੁਹਾਡੇ ਕੋਈ ਟਿੱਪਣੀਆਂ ਜਾਂ ਸਵਾਲ ਹਨ ਤਾਂ ਕਿਰਪਾ ਕਰਕੇ ਸੈਂਟਰਲ ਵੈਲੀ ਜਲ ਬੋਰਡ ਵਿਖੇ Marilyn Petruescu ਨਾਲ ਸੰਪਰਕ ਕਰੋ:

Marilyn Petruescu
Central Valley Regional Water Quality Control Board
11020 Sun Center Drive, Suite 200
Rancho Cordova, CA 95670
(916) 464-4708
marilyn.petruescu@waterboards.ca.gov

## ਨਾ ਸੁਣ ਸਕਣ ਵਾਲੇ ਲੋਕਾਂ ਲਈ ਸੂਚਨਾ

TDD ਉਪਯੋਗਕਰਤਾ ਜਨਤਕ ਭਾਗੀਦਾਰੀ ਮਾਹਰ (Public Participation Specialist) ਤੱਕ ਪਹੁੰਚਣ ਲਈ ਕੈਲੀਫੋਰਨੀਆ ਸਟੇਟ ਰੀਲੇਅ ਸਰਵਿਸ (California State Relay Service) ਨੂੰ (800) 735-2929 'ਤੇ ਫ਼ੋਨ ਕਰਕੇ ਸਾਈਟ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੂੰ ਬਾਰਟਲੇਟ ਪੈਟਰੋਲੀਅਮ ਦੇ ਪ੍ਰਸਤਾਵਿਤ ਸਫਾਈ ਕੇਸ ਨੂੰ ਬੰਦ ਕਰਨ ਲਈ ਜਨਤਕ ਸੂਚਨਾ ਬਾਰੇ (916) 464-3291 'ਤੇ ਸੈਂਟਰਲ ਵੈਲੀ ਜਲ ਬੋਰਡ ਨਾਲ ਸੰਪਰਕ ਕਰਨ ਲਈ ਕਹੋ।

**ਚਿਤਰ 1**

ਲਗਭਗ ਸਾਈਟ ਦੀ ਹੱਦ ਲਾਲ ਰੰਗ ਵਿੱਚ ਦਿਖਾਈ ਗਈ ਹੈ। ਸਰੋਤ: *ਗੂਗਲ ਮੈਪਸ (Google Maps)*

